11 ਜੂਨ ਤੋਂ ਅਮਰੀਕਾ, ਕੈਨੇਡਾ ਤੇ ਮੈਕਸੀਕੋ ਦੀ ਸਾਂਝੀ ਮੇਜ਼ਬਾਨੀ 'ਚ ਹੋਵੇਗਾ ਆਯੋਜਿਤ

ਗੋਲਡਨ ਬੂਟ ਫੀਫਾ ਵਿਸ਼ਵ ਕੱਪ ਦੇ ਹਰੇਕ ਐਡੀਸ਼ਨ 'ਚ ਟਾਪ ਸਕੋਰਰ ਨੂੰ ਦਿੱਤਾ ਜਾਣ ਵਾਲਾ ਇਕ ਵੱਕਾਰੀ ਐਵਾਰਡ ਹੈ। 1982 ਵਿਸ਼ਵ ਕੱਪ 'ਚ ਅਧਿਕਾਰਤ ਤੌਰ 'ਤੇ ਸ਼ੁਰੂ ਕੀਤਾ ਗਿਆ ਇਹ ਐਵਾਰਡ 2006 ਵਿਸ਼ਵ ਕੱਪ ਤੱਕ ਗੋਲਡਨ ਸ਼ੂਅ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਫਿਰ ਇਸ ਨੂੰ ਬਦਲ ਕੇ ਗੋਲਡਨ ਬੂਟ ਕੀਤਾ ਗਿਆ।

Interesting Facts

1 ਭਾਰਤ ਨੇ ਪਿਛਲੇ ਸਾਲ ਏ. ਐੱਫ. ਸੀ. ਅੰਡਰ-23 ਏਸ਼ੀਆਈ ਕੱਪ ਕੁਆਲੀਫਾਇਰ 'ਚ ਆਪਣੀ ਮੁਹਿੰਮ ਦੀ ਸ਼ੁਰੂਆਤ ਬਹਿਰੀਨ ਨੂੰ 2-0 ਨਾਲ ਹਰਾ ਕੇ ਕੀਤੀ ਸੀ। ਭਾਰਤ ਲਈ ਮੁਹੰਮਦ ਸੁਹੈਲ ਤੇ ਚਿੰਗੰਗਬਾਮ ਸ਼ਿਵਾਲਦੋ ਸਿੰਘ ਨੇ ਗੋਲ ਕੀਤੇ ਜਿਸ ਨਾਲ ਟੀਮ ਨੇ ਗਰੁੱਪ ਮੈਚ 'ਚ 3 ਅੰਕ ਹਾਸਲ ਕੀਤੇ ਸਨ।

2 ਭਾਰਤੀ ਮੁੱਕੇਬਾਜ਼ ਪਵਨ ਭਰਤਵਾਲ ਨੇ ਪੁਰਸ਼ਾਂ ਦੀ 55 ਕਿ. ਗ੍ਰਾ. ਭਾਰ ਵਰਗ ਦੀ ਨੇੜਲੀ ਬਾਊਟ 'ਚ ਬ੍ਰਾਜ਼ੀਲ ਦੇ ਮਾਈਕਲ ਡਗਲਸ ਟ੍ਰਿਨਡੇ ਨੂੰ ਹਰਾ ਕੇ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ 2025 'ਚ ਜੇਤੂ ਸ਼ੁਰੂਆਤ ਕੀਤੀ ਸੀ।



3 ਭਾਰਤ ਦੇ ਤਜ਼ਰਬੇਕਾਰ ਲੈੱਗ ਸਪਿੰਨਰ ਅਮਿਤ ਮਿਸ਼ਰਾ ਨੇ ਪਿਛਲੇ ਸਾਲ ਕ੍ਰਿਕਟ ਤੋਂ ਸੰਨਿਆਸ ਲੈ ਲਿਆ ਸੀ। ਉਸ ਨੇ ਭਾਰਤ ਲਈ 22 ਟੈਸਟ, 36 ਵਨ ਡੇ ਤੇ 10 ਟੀ-20 ਇੰਟਰਨੈਸ਼ਨਲ ਮੈਚ ਖੇਡੇ ਤੇ ਕੁੱਲ 156 ਵਿਕਟਾਂ ਲਈਆਂ। ਆਈ. ਪੀ. ਐੱਲ. 'ਚ ਤਾਂ ਉਸ ਦਾ ਨਾਂ ਰਿਕਾਰਡ ਬੁੱਕ 'ਚ ਦਰਜ ਹੈ। ਮਿਸ਼ਰਾ ਹੀ ਇਕਲੌਤਾ ਗੇਂਦਬਾਜ਼ ਹੈ ਜਿਸ ਨੇ ਸਭ ਤੋਂ ਜ਼ਿਆਦਾ 3 ਵਾਰ ਹੈਟ੍ਰਿਕ ਲਈਆਂ ਹਨ।

TV 'ਤੇ ਅੱਜ ਕੀ ਖਾਸ

17:30 ਕ੍ਰਿਕਟ	ਬੰਗਲਾਦੇਸ਼ ਬਨਾਮ ਨੀਦਰਲੈਂਡ (ਮਹਿਲਾ ਟੀ-20 ਤਿਕੋਣੀ ਸੀਰੀਜ਼)
15:30 ਕ੍ਰਿਕਟ	ਇੰਗਲੈਂਡ ਬਨਾਮ ਨਿਊਜ਼ੀਲੈਂਡ (ਪਹਿਲਾ ਟੈਸਟ, ਪਹਿਲਾ ਦਿਨ)

ਫੀਫਾ ਵਿਸ਼ਵ ਕੱਪ : ਕਈ ਫੁੱਟਬਾਲਰ ਆਪਣੇ ਪਿਤਾ ਦੀ ਵਿਰਾਸਤ ਨੂੰ ਵਧਾਉਣਗੇ ਅੱਗੇ

ਜਲੰਧਰ, 3 ਜੂਨ (ਸਪੋਰਟਸ ਡੈਸਕ)–ਫੀਫਾ ਵਿਸ਼ਵ ਕੱਪ ਦੇ ਇਤਿਹਾਸ 'ਚ ਹੁਣ ਤੱਕ ਕੁੱਲ 27 ਪਿਤਾ-ਪੁੱਤਰ ਦੀਆਂ ਜੋੜੀਆਂ ਖੇਡ ਚੁੱਕੀਆਂ ਹਨ ਅਤੇ ਮੈਕਸੀਕੋ, ਅਮਰੀਕਾ ਤੇ ਕੈਨੇਡਾ ਦੀ ਸਾਂਝੀ ਮੇਜ਼ਬਾਨੀ 'ਚ ਹੋਣ ਵਾਲੇ ਆਗਾਮੀ ਸੈਸ਼ਨ ਦੌਰਾਨ ਇਹ ਗਿਣਤੀ ਹੋਰ ਵਧਣ ਜਾ ਰਹੀ ਹੈ। ਐਰਲਿੰਗ ਹਾਲੈਂਡ, ਲੂਕਾ ਜ਼ਿਦਾਨ ਤੇ ਗਿਊਲੀਆਨੋ ਸਿਮਿਓਨ ਉਨ੍ਹਾਂ ਫੁੱਟਬਾਲਰਾਂ 'ਚ ਸ਼ਾਮਲ ਹਨ, ਜਿਹੜੇ 11 ਜੂਨ ਤੋਂ ਸ਼ੁਰੂ ਹੋਣ ਵਾਲੇ ਇਸ ਵੱਕਾਰੀ ਟੂਰਨਾਮੈਂਟ ਦੇ ਆਗਾਮੀ ਸੈਸ਼ਨ 'ਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਆਪਣੇ ਪਿਤਾ ਤੇ ਦੇਸ਼ ਦਾ ਨਾਂ ਰੋਸ਼ਨ ਕਰਨ ਦੇ ਮਕਸਦ ਨਾਲ ਮੈਦਾਨ 'ਚ ਉਤਰਨਗੇ। ਇੱਥੇ ਕੁਝ ਅਜਿਹੇ ਖਿਡਾਰੀਆਂ ਦੀ ਸੂਚੀ ਦਿੱਤੀ ਗਈ ਹੈ ਜਿਹੜੇ 2026 ਦੇ ਵਿਸ਼ਵ ਕੱਪ 'ਚ ਹਿੱਸਾ ਲੈ ਰਹੇ ਹਨ ਤੇ ਜਿਨ੍ਹਾਂ ਦੇ ਪਿਤਾ ਵੀ ਦੇਸ਼ ਦੀ ਰਾਸ਼ਟਰੀ ਟੀਮ ਦੀ ਨੁਮਾਇੰਦਗੀ ਕਰ ਚੁੱਕੇ ਹਨ

ਸੇਬਾਸਟੀਅਨ ਬੇਰਹਾਲਟਰ

ਇਹ ਮਿਡਫੀਲਡਰ ਗ੍ਰੇਗ ਬੇਰਹਾਲਟਰ ਦਾ ਪੁੱਤਰ ਹੈ, ਜਿਸ ਨੇ 2002 ਦੇ ਵਿਸ਼ਵ ਕੱਪ (ਜਿੱਥੇ ਟੀਮ ਕੁਆਰਟਰ ਫਾਈਨਲ ਤੱਕ ਪਹੁੰਚੀ ਸੀ) ਤੇ 2006 ਦੇ ਸੈਸ਼ਨ 'ਚ ਅਮਰੀਕਾ ਦੀ ਨੁਮਾਇੰਦਗੀ ਕੀਤੀ ਸੀ। ਫੀਫਾ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ, ਸੇਬਾਸਟੀਅਨ ਪਿਛਲੇ ਸਾਲ ਰਾਸ਼ਟਰੀ ਟੀਮ 'ਚ ਸ਼ਾਮਲ ਹੋਇਆ ਸੀ, ਜਿੱਥੇ ਉਸ ਨੇ ਉਰੂਗਵੇ ਵਿਰੁੱਧ 5-1 ਦੀ ਜਿੱਤ 'ਚ ਗੋਲ ਕੀਤਾ ਸੀ। ਮੇਜਰ ਲੀਗ ਸੌਕਰ 'ਚ ਵੈਨਕੂਵਰ ਵ੍ਹਾਈਟਕੈਪਸ ਲਈ ਸ਼ਾਨਦਾਰ ਸੀਜ਼ਨ ਖੇਡਣ ਤੋਂ ਬਾਅਦ ਉਸ ਨੇ ਵਿਸ਼ਵ ਕੱਪ ਲਈ ਰਾਸ਼ਟਰੀ ਟੀਮ 'ਚ ਆਪਣੀ ਜਗ੍ਹਾ ਪੱਕੀ ਕੀਤੀ।

ਫ੍ਰਾਂਸਿਸਕੋ ਕੌਨਸੀਸਾਓ

ਇਸ ਪੁਰਤਗਾਲੀ ਖਿਡਾਰੀ ਨੇ ਯੂਰੋ 2024 ਦੇ ਆਪਣੇ ਪਹਿਲੇ ਮੈਚ 'ਚ ਚੈਕੀਆ ਵਿਰੁੱਧ ਆਪਣੀ ਟੀਮ ਨੂੰ ਜਿੱਤ ਦਿਵਾਈ ਸੀ ਤੇ ਜੂਨ 'ਚ ਯੂ.ਈ.ਐੱਫ.ਏ. ਨੇਸ਼ਨਜ਼ ਲੀਗ ਦੇ ਸੈਮੀਫਾਈਨਲ 'ਚ ਜਰਮਨੀ ਵਿਰੁੱਧ ਮਿਲੀ ਜਿੱਤ 'ਚ ਵੀ ਗੋਲ ਕੀਤਾ ਸੀ। ਉਹ ਸਰਜੀਓ ਕੌਨਸੀਸਾਓ ਦਾ ਪੁੱਤਰ ਹੈ, ਜਿਹੜਾ 2002 ਦੇ ਫੀਫਾ ਵਿਸ਼ਵ ਕੱਪ 'ਚ ਖੇਡਿਆ ਸੀ।

ਲੀ ਤਾਏਸੋਕ

ਇਸ ਲੈਫਟ-ਬੈਕ ਖਿਡਾਰੀ ਨੇ ਨਵੰਬਰ 'ਚ ਘਾਨਾ ਵਿਰੁੱਧ ਦੱਖਣੀ ਕੋਰੀਆ ਦੀ ਜਿੱਤ 'ਚ ਇਕਲੌਤਾ ਗੋਲ ਕੀਤਾ ਸੀ ਤੇ ਉਹ ਕਲੱਬ ਪੱਧਰ 'ਤੇ ਐੱਫ. ਕੇ. ਆਸਟ੍ਰੀਆ ਵਿਏਨ ਦੀ ਨੁਮਾਇੰਦਗੀ ਕਰਦਾ ਹੈ। ਉਹ ਲੀ ਯੂਲਯੋਂਗ ਦਾ ਪੁੱਤਰ ਹੈ, ਜਿਸ ਨੇ 2002 ਦੇ ਫੀਫਾ ਵਿਸ਼ਵ ਕੱਪ 'ਚ ਤੁਰਕੀ ਵਿਰੁੱਧ ਤੀਜੇ ਸਥਾਨ ਲਈ ਹੋਏ ਮੁਕਾਬਲੇ 'ਚ ਆਪਣੀ ਟੀਮ ਲਈ ਬਰਾਬਰੀ ਦਾ ਗੋਲ ਕੀਤਾ ਸੀ, ਹਾਲਾਂਕਿ ਉਸ ਦੀ ਟੀਮ ਇਹ ਮੈਚ 2-3 ਨਾਲ ਹਾਰ ਗਈ ਸੀ।

ਐਂਗਸ ਗਨ

ਐਂਗਸ ਗਨ ਯੂਥ ਪੱਧਰ 'ਤੇ ਇੰਗਲੈਂਡ ਲਈ ਕੌਮਾਂਤਰੀ ਮੈਚ ਖੇਡ ਚੁੱਕਾ ਹੈ ਪਰ ਇਸ ਤੋਂ ਬਾਅਦ ਉਸ ਨੇ ਟੀਮ ਬਦਲ ਲਈ ਤੇ ਹੁਣ ਉਹ ਇਸ ਟੂਰਨਾਮੈਂਟ 'ਚ ਸਕਾਟਲੈਂਡ ਦਾ ਮੁੱਖ ਗੋਲਕੀਪਰ ਹੈ। ਹਾਲਾਂਕਿ, ਹਾਲ ਹੀ ਦੇ ਸਮੇਂ 'ਚ ਉਸ ਕੋਲ ਖੇਡਣ ਦਾ ਘੱਟ ਤਜ਼ਰਬਾ ਰਿਹਾ ਹੈ। ਦਸੰਬਰ 'ਚ ਗੋਡੇ ਦੀ ਸੱਟ ਤੋਂ ਉੱਭਰਨ ਤੋਂ ਬਾਅਦ ਇਸ 30 ਸਾਲਾ ਖਿਡਾਰੀ ਨੇ ਨਾਟਿੰਘਮ ਫੋਰੈਸਟ ਲਈ ਸਿਰਫ 45 ਮਿੰਟ ਫੁੱਟਬਾਲ ਖੇਡਿਆ ਹੈ। ਉਸ ਦਾ ਪਿਤਾ, ਬ੍ਰਾਇਨ ਗਨ, 1990 ਦੇ ਵਿਸ਼ਵ ਕੱਪ 'ਚ ਜਿਮ ਲੇਟਨ ਤੇ ਐਂਡੀ ਗੋਰਮ ਤੋਂ ਬਾਅਦ ਸਕਾਟਲੈਂਡ ਦੀ ਟੀਮ 'ਚ ਤੀਜੇ ਪਸੰਦੀਦਾ ਗੋਲਕੀਪਰ ਵਜੋਂ ਸ਼ਾਮਲ ਸੀ।

ਐਰਲਿੰਗ ਹਾਲੈਂਡ

ਇਸ ਟੂਰਨਾਮੈਂਟ 'ਚ ਆਪਣੇ ਪਿਤਾ ਦਾ ਨਾਂ ਰੋਸ਼ਨ ਕਰਨ ਦੀ ਸਭ ਤੋਂ ਵੱਧ ਉਮੀਦ ਇਸ ਤੋਂ ਹੀ ਹੈ। ਮਾਨਚੈਸਟਰ ਸਿਟੀ ਲਈ ਗੋਲਾਂ ਦੀ ਮਸ਼ੀਨ ਤੇ ਟਰਾਫੀਆਂ ਜਿੱਤਣ ਵਾਲਾ ਐਰਲਿੰਗ, ਐਲਫੀ ਹਾਲੈਂਡ ਦਾ ਪੁੱਤਰ ਹੈ। ਐਲਫੀ ਨੇ 1994 ਦੇ ਵਿਸ਼ਵ ਕੱਪ 'ਚ ਹਿੱਸਾ ਲਿਆ ਸੀ, ਜਿੱਥੇ ਨਾਰਵੇ ਨੇ ਮੈਕਸੀਕੋ ਨੂੰ ਹਰਾਇਆ ਸੀ।

ਜਸਟਿਨ ਕਲੂਈਵਰਟ

ਜਸਟਿਨ ਪੈਟ੍ਰਿਕ ਕਲੂਈਵਰਟ ਦਾ ਪੁੱਤਰ ਹੈ, ਜਿਹੜਾ 1998 ਦੇ ਵਿਸ਼ਵ ਕੱਪ 'ਚ ਨੀਦਰਲੈਂਡ ਲਈ ਖੇਡਿਆ ਸੀ ਤੇ ਬੈਲਜੀਅਮ ਵਿਰੁੱਧ ਆਪਣੇ ਪਹਿਲੇ ਹੀ ਮੈਚ 'ਚ ਰੈੱਡ ਕਾਰਡ ਦੇਖ ਕੇ ਬਾਹਰ ਹੋ ਗਿਆ ਸੀ। ਉਸ ਨੇ ਵੱਡੇ ਮੈਚਾਂ 'ਚ ਗੋਲ ਕੀਤੇ ਸਨ (ਕੁਆਰਟਰ ਫਾਈਨਲ 'ਚ ਅਰਜਨਟੀਨਾ ਵਿਰੁੱਧ ਤੇ ਸੈਮੀਫਾਈਨਲ 'ਚ ਬ੍ਰਾਜ਼ੀਲ ਵਿਰੁੱਧ) ਪਰ ਨੀਦਰਲੈਂਡ ਉਹ ਮੈਚ ਪੈਨਲਟੀ ਸ਼ੂਟਆਊਟ 'ਚ ਹਾਰ ਗਿਆ ਸੀ। ਜਸਟਿਨ ਦਾ 2024/25 'ਚ ਬੋਰਨਮਾਊਥ ਨਾਲ ਇਕ ਸ਼ਾਨਦਾਰ ਸੀਜ਼ਨ ਰਿਹਾ, ਜਿਸ ਨੇ ਉਸ ਨੂੰ ਡੱਚ ਵਿਸ਼ਵ ਕੱਪ ਟੀਮ 'ਚ ਜਗ੍ਹਾ ਦਿਵਾਈ ਤੇ ਸੱਟਾਂ ਦੀਆਂ ਸਮੱਸਿਆਵਾਂ ਦੇ ਬਾਵਜੂਦ, ਉਹ ਰੋਨਾਲਡ ਕੋਮੈਨ ਦੇ ਸੈੱਟਅਪ ਦਾ ਇਕ ਮਹੱਤਵਪੂਰਨ ਮੈਂਬਰ ਹੈ।

ਗਿਊਲੀਆਨੋ ਸਿਮਿਓਨ

ਗਿਊਲੀਆਨੋ ਸਪੈਨਿਸ਼ ਫੁੱਟਬਾਲ ਕਲੱਬ ਐਟਲੇਟਿਕੋ ਮੈਡ੍ਰਿਡ ਦਾ ਹਿੱਸਾ ਹੈ, ਜਿੱਥੇ ਉਹ ਆਪਣੇ ਪਿਤਾ ਡਿਏਗੋ ਸਿਮਿਓਨ ਦੀ ਕੋਚਿੰਗ ਹੇਠ ਖੇਡਦਾ ਹੈ। ਡਿਏਗੋ ਤਿੰਨ ਵਿਸ਼ਵ ਕੱਪਾਂ 'ਚ ਅਰਜਨਟੀਨਾ ਦੀ ਟੀਮ ਦਾ ਅਹਿਮ ਹਿੱਸਾ ਸੀ। 1998 ਦੇ ਸੈਸ਼ਨ 'ਚ, ਉਹ ਉਸ ਇਤਿਹਾਸਕ ਘਟਨਾ ਦਾ ਹਿੱਸਾ ਸੀ ਜਿਸ ਵਿਚ ਇੰਗਲੈਂਡ ਦੇ ਸੁਪਰ ਸਟਾਰ ਡੇਵਿਡ ਬੈਕਹਮ ਨੂੰ ਰਾਊਂਡ ਆਫ-16 ਦੇ ਮੈਚ 'ਚ ਰੈੱਡ ਕਾਰਡ ਦਿਖਾ ਕੇ ਬਾਹਰ ਕੱਢ ਦਿੱਤਾ ਗਿਆ ਸੀ। ਅਰਜਨਟੀਨਾ ਨੇ ਉਹ ਮੈਚ ਪੈਨਲਟੀ 'ਤੇ 4-3 ਨਾਲ ਜਿੱਤਿਆ ਸੀ। 22 ਸਾਲਾ ਜਿਊਲੀਆਨੋ ਐਟਲੇਟਿਕੋ ਮੈਡ੍ਰਿਡ ਦਾ ਇਕ ਅਹਿਮ ਖਿਡਾਰੀ ਹੈ ਤੇ ਲਿਓਨਲ ਸਕਾਲੋਨੀ ਦੀ ਅਰਜਨਟੀਨਾ ਟੀਮ ਦਾ ਮੁੱਖ ਹਿੱਸਾ ਹੈ। ਉਸ ਨੇ ਪਿਛਲੇ ਸਾਲ ਬ੍ਰਾਜ਼ੀਲ ਵਿਰੁੱਧ 4-1 ਦੀ ਜਿੱਤ 'ਚ ਗੋਲ ਕੀਤਾ ਸੀ।

ਲੂਕਾ ਜ਼ਿਦਾਨ



ਲੂਕਾ ਜ਼ਿਦਾਨ, ਫਰਾਂਸ ਦੇ ਮਹਾਨ ਫੀਫਾ ਵਿਸ਼ਵ ਕੱਪ ਜੇਤੂ ਆਈਕਨ ਜ਼ਿਨੇਦੀਨ ਜ਼ਿਦਾਨ ਦਾ ਪੁੱਤਰ ਹੈ। ਉਹ ਫੀਫਾ ਅੰਡਰ-20 ਵਿਸ਼ਵ ਕੱਪ 'ਚ ਫਰਾਂਸ ਲਈ ਡੇਉਟ ਉਪਾਮੇਕਾਨੋ ਦੇ ਨਾਲ ਖੇਡਿਆ ਸੀ ਪਰ ਇਸ ਤੋਂ ਬਾਅਦ ਉਸ ਨੇ ਆਪਣੀ ਕੌਮਾਂਤਰੀ ਟੀਮ ਬਦਲ ਲਈ ਤੇ ਅਕਤੂਬਰ 'ਚ ਅਲਜੀਰੀਆ ਲਈ ਆਪਣਾ ਡੈਬਿਊ ਕੀਤਾ।

ਵ੍ਹੇਲ ਮੱਛੀ ਦੀ ਕੰਧ-ਚਿੱਤਰਕਾਰੀ ਮਿਟਾਉਣ 'ਤੇ ਕਲਾਕਾਰ ਨੇ ਫੀਫਾ ਵਿਰੁੱਧ ਕੀਤਾ ਕੇਸ

ਨਿਊਯਾਰਕ, 3 ਜੂਨ (ਏਜੰਸੀ)- ਡੱਲਾਸ ਦੇ ਡਾਊਨਟਾਊਨ (ਸ਼ਹਿਰ ਦੇ ਕੇਂਦਰੀ ਹਿੱਸੇ) ਦੀ ਇਕ ਇਮਾਰਤ 'ਤੇ ਅਸਲੀ ਆਕਾਰ ਦੀਆਂ ਤੈਰਦੀਆਂ ਵ੍ਹੇਲ ਮੱਛੀਆਂ ਦੀ ਇਕ ਵੱਡੀ ਕੰਧ-ਚਿੱਤਰਕਾਰੀ ਬਣਾਉਣ ਵਾਲੇ ਕਲਾਕਾਰ ਨੇ ਫੁੱਟਬਾਲ ਦੀ ਕੌਮਾਂਤਰੀ ਸੰਚਾਲਕ ਸੰਸਥਾ ਤੇ ਹੋਰਨਾਂ ਵਿਰੁੱਧ 25 ਮਿਲੀਅਨ ਡਾਲਰ (ਲੱਗਭਗ 2.5 ਕਰੋੜ ਡਾਲਰ) ਦਾ ਮੁਕੱਦਮਾ ਦਰਜ ਕਰਵਾਇਆ ਹੈ। ਕਲਾਕਾਰ ਦਾ ਕਹਿਣਾ ਹੈ ਕਿ ਸ਼ਹਿਰ 'ਚ ਹੋਣ ਵਾਲੇ ਆਗਾਮੀ ਵਿਸ਼ਵ ਕੱਪ ਮੈਚਾਂ ਦੀ ਮਸ਼ਹੂਰੀ ਕਰਨ ਲਈ ਇਸ ਦੀ ਕਲਾਕ੍ਰਿਤੀ ਉੱਤੇ ਗੈਰ-ਕਾਨੂੰਨੀ ਤਰੀਕੇ ਨਾਲ ਰੰਗ ਫੇਰ ਦਿੱਤਾ ਗਿਆ।

ਕਲਾਕਾਰ ਵਾਈਲੈਂਡ ਦਾ ਕਹਿਣਾ ਹੈ ਕਿ ਉਸ ਨੇ ਆਪਣੇ ਹੱਥਾਂ ਨਾਲ ਇਸ ਵਿਸ਼ਾਲ ਮਿਊਰਲ ਨੂੰ ਪੇਂਟ ਕੀਤਾ ਸੀ, ਜਿਹੜਾ ਇਮਾਰਤ ਦੀਆਂ 2 ਕੰਧਾਂ 'ਤੇ ਲੱਗਭਗ 17,000 ਵਰਗ ਫੁੱਟ (1,580 ਵਰਗ ਮੀਟਰ) ਦੇ ਖੇਤਰ 'ਚ ਫੈਲਿਆ ਹੋਇਆ ਸੀ।

ਇਹ ਕੰਧ-ਚਿੱਤਰਕਾਰੀ ਲੱਗਭਗ ਤਿੰਨ ਡੈਕੇਡਸ (30 ਸਾਲ) ਤੋਂ ਉੱਥੇ ਮੌਜੂਦ ਸੀ ਪਰ ਪਿਛਲੇ ਮਹੀਨੇ ਕਰਮਚਾਰੀਆਂ ਨੇ ਇਸ ਉੱਤੇ ਰੰਗ ਫੇਰਨਾ ਸ਼ੁਰੂ ਕਰ ਦਿੱਤਾ। ਇਸ ਕਾਰਵਾਈ ਨੇ ਸਥਾਨਕ ਨਿਵਾਸੀਆਂ 'ਚ ਭਾਰੀ ਰੋਸ ਪੈਦਾ ਕਰ ਦਿੱਤਾ, ਜਿਹੜੇ ਇਸ ਮਿਊਰਲ ਦੇ ਵਿਸ਼ਾਲ ਆਕਾਰ ਤੇ ਸਮੁੰਦਰੀ ਜੀਵਾਂ ਦੀ ਸੰਭਾਲ ਦੇ ਸੰਦੇਸ਼ ਦੀ ਬਹੁਤ ਸ਼ਲਾਘਾ ਕਰਦੇ ਸਨ।

ਖੇਤਰ ਦੀ ਵਿਸ਼ਵ ਕੱਪ ਪ੍ਰਬੰਧਕੀ ਕਮੇਟੀ ਨੇ ਇਕ ਬਿਆਨ 'ਚ ਕਿਹਾ ਕਿ ਵਾਈਲੈਂਡ ਦੇ ਮਿਊਰਲ ਦੀ ਜਗ੍ਹਾ ਹੁਣ ਇਕ ਨਵੀਂ ਕਲਾਕ੍ਰਿਤੀ ਬਣਾਉਣ ਦੀ ਯੋਜਨਾ ਹੈ "ਜਿਹੜਾ ਮੌਜੂਦਾ ਇਤਿਹਾਸਕ ਪਲ ਨੂੰ ਦਰਸਾਉਂਦੀ ਹੈ ਤੇ ਵਿਸ਼ਵ ਕੱਪ 2026 ਦੇ ਆਲੇ-ਦੁਆਲੇ ਦੀ ਊਰਜਾ, ਏਕਤਾ ਤੇ ਗਲੋਬਲ ਭਾਵਨਾ ਨੂੰ ਬਿਆਨ ਕਰਦੀ ਹੈ।"

ਕਮੇਟੀ ਨੇ ਇਹ ਵੀ ਕਿਹਾ ਕਿ ਵਾਈਲੈਂਡ ਦੇ ਮਿਊਰਲ ਦਾ ਇਕ ਹਿੱਸਾ ਸੁਰੱਖਿਅਤ ਰੱਖਿਆ ਜਾਵੇਗਾ।

ਵਾਈਲੈਂਡ ਨੇ ਡੱਲਾਸ ਦੀ ਯੂ. ਐੱਸ. ਡਿਸਟ੍ਰਿਕਟ ਕੋਰਟ 'ਚ ਮੁਕੱਦਮਾ ਦਰਜ ਕਰਵਾਉਂਦਿਆਂ ਕਿਹਾ ਕਿ ਵਿਸ਼ਵ ਕੱਪ ਪ੍ਰਬੰਧਕਾਂ ਨੇ ਇਮਾਰਤ ਦੇ ਮਾਲਕ ਤੇ ਮੈਨੇਜਮੈਂਟ ਕੰਪਨੀ ਦੇ ਨਾਲ ਮਿਲ ਕੇ ਉਸ ਦੀ ਸਹਿਮਤੀ ਜਾਂ ਸੂਚਨਾ ਦਿੱਤੇ ਬਿਨਾਂ ਹੀ ਮਿਊਰਲ ਨੂੰ ਮਿਟਾ ਦਿੱਤਾ। ਉਸ ਨੇ ਕਿਹਾ ਕਿ ਇਹ ਕਾਰਵਾਈ 1990 ਦੇ ਇਕ ਸੰਘੀ (ਫੈਡਰਲ) ਕਾਨੂੰਨ ਦੀ ਉਲੰਘਣਾ ਹੈ, ਜਿਹੜਾ ਜਨਤਕ ਤੌਰ 'ਤੇ ਪ੍ਰਦਰਸ਼ਿਤ ਕਲਾਕ੍ਰਿਤੀਆਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਬਣਾਇਆ ਗਿਆ ਸੀ।

ਵਾਈਲੈਂਡ ਹਰਜਾਨੇ ਵਜੋਂ ਘੱਟੋ-ਘੱਟ 25 ਮਿਲੀਅਨ ਡਾਲਰ ਦੀ ਮੰਗ ਕਰ ਰਿਹਾ ਹੈ। ਉਸ ਨੇ ਮੁਕੱਦਮੇ 'ਚ ਕਿਹਾ ਹੈ ਕਿ ਵਿਸ਼ਵ ਫੁੱਟਬਾਲ ਦੀ ਸੰਚਾਲਕ ਸੰਸਥਾ, ਫੀਫਾ ਤੇ ਹੋਰ ਮੁਲਜ਼ਮਾਂ ਨੇ ਵਿਸ਼ਵ ਕੱਪ ਦੀ ਪ੍ਰਮੋਸ਼ਨ ਲਈ "ਕਾਹਲੀ 'ਚ ਇਕ ਇਤਿਹਾਸਕ ਸ਼ਹਿਰੀ ਪਛਾਣ (ਲੈਂਡਮਾਰਕ) ਨੂੰ ਹਮੇਸ਼ਾ ਲਈ ਨਸ਼ਟ ਕਰ ਦਿੱਤਾ।"

ਕਲਾਕਾਰ ਨੇ ਮੁਕੱਦਮੇ 'ਚ ਕਿਹਾ ਗਿਆ ਹੈ, "ਹਾਲਾਂਕਿ ਫੀਫਾ ਦਾ ਦਾਅਵਾ ਹੈ ਕਿ ਉਹ ਮੇਜ਼ਬਾਨ ਸ਼ਹਿਰ ਲਈ ਕਲਾ ਦਾ ਵਿਕਾਸ ਕਰਨ ਵਾਸਤੇ ਕੰਮ ਕਰ ਰਹੇ ਸਨ ਪਰ ਅਸਲ 'ਚ ਉਸ ਨੇ ਮੇਜ਼ਬਾਨ ਸ਼ਹਿਰ ਦੇ ਇਕ ਇਤਿਹਾਸਕ ਢਾਂਚੇ ਨੂੰ ਬਦਰੰਗ ਕਰ ਦਿੱਤਾ ਹੈ।"

ਫੀਫਾ ਦੇ ਇਕ ਬੁਲਾਰੇ ਨੇ ਮੰਗਲਵਾਰ ਨੂੰ ਕਿਹਾ ਕਿ ਇਸ ਮਾਮਲੇ 'ਚ ਫੈਡਰੇਸ਼ਨ ਦੀ 'ਕੋਈ ਸ਼ਮੂਲੀਅਤ ਨਹੀਂ ਹੈ।

ਫੀਫਾ ਵਿਸ਼ਵ ਕੱਪ 'ਚ ਖੇਡਣਗੇ ਭਾਰਤੀ ਮੂਲ ਦੇ 4 ਖਿਡਾਰੀ

ਨਵੀਂ ਦਿੱਲੀ, 3 ਜੂਨ (ਏਜੰਸੀ)-ਭਾਰਤ ਲਈ ਫੀਫਾ ਵਿਸ਼ਵ ਕੱਪ 'ਚ ਖੇਡਣਾ ਅਜੇ ਵੀ ਦੂਰ ਦੀ ਕੌਡੀ ਬਣੀ ਹੋਈ ਹੈ ਪਰ ਅਮਰੀਕਾ 'ਚ 11 ਜੂਨ ਤੋਂ ਸ਼ੁਰੂ ਹੋਣ ਵਾਲੇ ਫੁੱਟਬਾਲ ਦੇ ਸਭ ਤੋਂ ਵੱਡੇ ਟੂਰਨਾਮੈਂਟ 'ਚ ਭਾਰਤੀ ਮੂਲ ਦੇ 4 ਖਿਡਾਰੀ ਆਪਣਾ ਜਲਵਾ ਦਿਖਾਉਣ ਲਈ ਤਿਆਰ ਹਨ। ਇਹ ਚਾਰ ਖਿਡਾਰੀ ਸਰਪ੍ਰੀਤ ਸਿੰਘ, ਸੈਮੂਅਲ ਮੌਤੌਸਾਮੀ, ਨਿਸ਼ਾਨ ਵੇਲੁਪਿੱਲੇ ਤੇ ਤਹਸੀਨ ਮੁਹੰਮਦ ਹਨ ਜਿਹੜੇ ਫਰਾਂਸ ਦੇ ਮਿਡਫੀਲਡਰ ਵਿਕਾਸ ਧੋਰਾਸੂ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੇ ਹਨ। ਧੋਰਾਸੂ ਜਰਮਨੀ 'ਚ 2006 ਦੇ ਵਿਸ਼ਵ ਕੱਪ 'ਚ ਖੇਡਿਆ ਸੀ। ਧੋਰਾਸੂ ਦੇ ਪੂਰਵਜ ਆਂਧਰਾ ਪ੍ਰਦੇਸ਼ ਦੇ ਵਿਜੇਨਗਰਮ ਦੇ ਰਹਿਣ ਵਾਲੇ ਸਨ। ਇਸ ਸੂਚੀ 'ਚ ਸ਼ਾਮਲ ਹੋਣ ਵਾਲੇ 4 ਹੋਰ ਖਿਡਾਰੀਆਂ 'ਤੇ ਇਕ ਨਜ਼ਰ

ਸਰਪ੍ਰੀਤ ਸਿੰਘ (ਨਿਊਜ਼ੀਲੈਂਡ)



ਆਕਲੈਂਡ 'ਚ ਪੰਜਾਬੀ ਮਾਤਾ-ਪਿਤਾ ਦੇ ਘਰ ਜਨਮਿਆ ਸਰਪ੍ਰੀਤ 2018 'ਚ ਮੁੰਬਈ 'ਚ ਇੰਟਰਕਾਂਟੀਨੈਂਟਲ ਕੱਪ ਦੌਰਾਨ ਭਾਰਤ 'ਚ ਵੀ ਖੇਡਿਆ ਸੀ। ਉਸ ਨੇ ਉਸੇ ਸਾਲ ਨਿਊਜ਼ੀਲੈਂਡ ਲਈ ਡੈਬਿਊ ਕੀਤਾ ਸੀ। ਭਾਰਤ ਨੇ ਉਦੋਂ ਖਿਤਾਬ ਜਿੱਤਿਆ ਜਦਕਿ ਨਿਊਜ਼ੀਲੈਂਡ 4 ਦੇਸ਼ਾਂ ਦੇ ਇਸ ਟੂਰਨਾਮੈਂਟ 'ਚ ਤੀਜੇ ਸਥਾਨ 'ਤੇ ਰਿਹਾ। ਇਸ ਦੇ ਇਕ ਸਾਲ ਬਾਅਦ ਸਰਪ੍ਰੀਤ ਜਰਮਨ ਦੀ ਪਹਿਲੀ ਡਿਵੀਜ਼ਨ ਲੀਗ 'ਚ ਖੇਡਣ ਵਾਲਾ ਭਾਰਤੀ ਮੂਲ ਦਾ ਪਹਿਲਾ ਖਿਡਾਰੀ ਬਣਿਆ। ਉਸ ਨੇ 2019 'ਚ ਬਾਇਰਨ ਮਿਊਨਿਖ ਵੱਲੋਂ ਡੈਬਿਊ ਕੀਤਾ। ਉਹ ਆਸਟ੍ਰੇਲੀਆ ਏ-ਲੀਗ ਟੀਮ ਵੈਲਿੰਗਟਨ ਫੀਨਿਕਸ ਤੋਂ ਬਾਇਰਨ ਮਿਊਨਿਖ 'ਚ ਸ਼ਾਮਲ ਹੋਇਆ ਸੀ। ਸਰਪ੍ਰੀਤ ਨੇ 20 ਜੂਨ, 2020 ਨੂੰ ਐੱਸ. ਸੀ. ਫ੍ਰੀਬਰਗ ਵਿਰੁੱਧ ਬਾਇਰਨ ਮਿਊਨਿਖ ਲਈ ਆਪਣਾ ਪਹਿਲਾ ਸੀਨੀਅਰ ਮੈਚ ਖੇਡਿਆ। ਉਹ ਉਸ ਟੀਮ ਦਾ ਹਿੱਸਾ ਸੀ ਜਿਸ ਨੇ 2019-2020 ਸੈਸ਼ਨ 'ਚ ਬੁੰਡੇਸਲੀਗਾ ਦਾ ਖਿਤਾਬ ਜਿੱਤਿਆ ਸੀ। ਮਿਡਫੀਲਡਰ ਸਰਪ੍ਰੀਤ ਪੁਰਤਗਾਲ ਦੇ ਯੂਨੀਆਓ ਡੀ ਲੀਰੀਆ ਤੇ ਸਰਬੀਆ ਦੀ ਸੁਪਰ ਲੀਗਾ ਟੀਮ ਐੱਫ. ਕੇ. ਟੀ. ਐੱਸ. ਸੀ. ਵੱਲੋਂ ਵੀ ਖੇਡਿਆ। ਇਸ ਤੋਂ ਬਾਅਦ ਉਹ ਫੀਨਿਕਸ ਲਈ ਏ-ਲੀਗ 'ਚ ਖੇਡਿਆ। ਉਸ ਨੂੰ ਇਸ ਸਾਲ ਫਰਵਰੀ 'ਚ ਸੱਟ ਲੱਗ ਗਈ ਸੀ, ਜਿਸ ਦੇ ਕਾਰਨ ਉਹ 8 ਹਫਤਿਆਂ ਤੱਕ ਮੈਦਾਨ ਤੋਂ ਬਾਹਰ ਰਿਹਾ ਪਰ ਅਪ੍ਰੈਲ 'ਚ ਉਸ ਨੇ ਵਾਪਸੀ ਕੀਤੀ ਤੇ ਨਿਊਜ਼ੀਲੈਂਡ ਦੀ ਵਿਸ਼ਵ ਕੱਪ ਦੀ 26 ਮੈਂਬਰੀ ਟੀਮ 'ਚ ਜਗ੍ਹਾ ਬਣਾਈ। ਉਸ ਨੇ ਨਿਊਜ਼ੀਲੈਂਡ ਲਈ 24 ਕੌਮਾਂਤਰੀ ਮੈਚ ਖੇਡੇ ਹਨ ਤੇ ਤਿੰਨ ਗੋਲ ਕੀਤੇ ਹਨ। ਸਰਪ੍ਰੀਤ 2017 ਤੇ 2019 ਫੀਫਾ ਅੰਡਰ-20 ਵਿਸ਼ਵ ਕੱਪ 'ਚ ਵੀ ਨਿਊਜ਼ੀਲੈਂਡ ਲਈ ਖੇਡਿਆ ਸੀ।

ਸੈਮੂਅਲ ਮੌਤੌਸਾਮੀ (ਕਾਂਗੋ)



ਮੌਤੌਸਾਮੀ ਦਾ ਜਨਮ ਫਰਾਂਸ 'ਚ ਹੋਇਆ ਸੀ। ਉਸ ਦੀ ਮਾਤਾ ਕਾਂਗੋ ਮੂਲ ਤੇ ਪਿਤਾ ਤਮਿਲ ਮੂਲ ਦਾ ਹੈ। ਫੀਫਾ ਦੇ ਨਿਯਮਾਂ ਮੁਤਾਬਕ, ਕੋਈ ਖਿਡਾਰੀ ਕਿਸੇ ਰਾਸ਼ਟਰੀ ਟੀਮ ਲਈ ਤਦ ਹੀ ਖੇਡ ਸਕਦਾ ਹੈ ਜਦੋਂ ਉਸ ਦੀ ਜੈਵਿਕ ਮਾਤਾ, ਜੈਵਿਕ ਪਿਤਾ ਜਾਂ ਦਾਦਾ-ਦਾਦੀ ਦਾ ਜਨਮ ਉਸ ਦੇਸ਼ 'ਚ ਹੋਇਆ ਹੋਵੇ। ਖਿਡਾਰੀ ਕੋਲ ਉਸ ਦੇਸ਼ ਦਾ ਪਾਸਪੋਰਟ ਵੀ ਹੋਣਾ ਚਾਹੀਦਾ ਹੈ ਜਿਸ ਦੀ ਉਹ ਨੁਮਾਇੰਦਗੀ ਕਰ ਰਿਹਾ ਹੈ। ਇਹ 29 ਸਾਲਾ ਮਿਡਫੀਲਡਰ ਵਰਤਮਾਨ 'ਚ ਯੂਨਾਨ ਦੇ ਸੁਪਰ ਲੀਗ ਕਲੱਬ ਐਟ੍ਰੋਮਿਟੋਸ ਲਈ ਖੇਡ ਰਿਹਾ ਹੈ। ਉਹ ਕਾਂਗੋ ਦੀ ਸੀਨੀਅਰ ਰਾਸ਼ਟਰੀ ਟੀਮ ਵੱਲੋਂ ਹੁਣ ਤੱਕ 57 ਮੈਚ ਖੇਡ ਚੁੱਕਾ ਹੈ।

ਨਿਸ਼ਾਨ ਵੇਲੁਪਿੱਲੇ (ਆਸਟ੍ਰੇਲੀਆ)

ਨਿਸ਼ਾਨ ਵੇਲੁਪਿੱਲੇ ਦੀ ਮਾਂ ਐਂਗਲੋ-ਇੰਡੀਅਨ ਤੇ ਪਿਤਾ ਸ਼੍ਰੀਲੰਕਾਈ ਮੂਲ ਦੇ ਤਮਿਲ ਹਨ। ਇਹ 25 ਸਾਲਾ ਵਿੰਗਰ ਆਸਟ੍ਰੇਲੀਆ ਦੀ 26 ਮੈਂਬਰੀ ਟੀਮ ਦੇ ਉਨ੍ਹਾਂ 17 ਖਿਡਾਰੀਆਂ 'ਚੋਂ ਇਕ ਹੈ ਜਿਹੜੇ ਫੀਫਾ ਵਿਸ਼ਵ ਕੱਪ 'ਚ ਆਪਣਾ ਡੈਬਿਊ ਕਰਨਗੇ। ਉਹ ਆਸਟ੍ਰੇਲੀਆ ਦੀ ਚੋਟੀ ਦੇ ਪੱਧਰ ਦੀ ਏ-ਲੀਗ 'ਚ ਮੈਲਬੋਰਨ ਵਿਕਟਰੀ ਲਈ ਖੇਡਦਾ ਹੈ। ਉਸ ਨੇ ਅਕਤੂਬਰ 2024 'ਚ ਵਿਸ਼ਵ ਕੱਪ ਕੁਆਲੀਫਾਇੰਗ ਰਾਊਂਡ ਦੌਰਾਨ ਆਸਟ੍ਰੇਲੀਆ ਲਈ ਡੈਬਿਊ ਕੀਤਾ। ਵੇਲੁਪਿੱਲੇ ਚੀਨ ਵਿਰੁੱਧ ਬਦਲਵੇਂ ਖਿਡਾਰੀ ਦੇ ਰੂਪ 'ਚ ਮੈਦਾਨ 'ਤੇ ਉਤਰਿਆ ਤੇ ਉਸ ਨੇ ਆਪਣੇ ਪਹਿਲੇ ਹੀ ਮੈਚ 'ਚ ਗੋਲ ਕੀਤਾ। ਤਦ ਤੋਂ ਲੈ ਕੇ ਹੁਣ ਤੱਕ ਉਸ ਨੇ ਆਸਟ੍ਰੇਲੀਆ ਲਈ 7 ਮੈਚ ਖੇਡੇ ਜਿਨ੍ਹਾਂ 'ਚ ਉਸ ਨੇ ਤਿੰਨ ਗੋਲ ਕੀਤੇ ਹਨ। ਇਹ ਸਾਰੇ ਗੋਲ ਉਸ ਨੇ ਵਿਸ਼ਵ ਕੱਪ ਕੁਆਲੀਫਾਇਰ 'ਚ ਕੀਤੇ।

ਤਹਸੀਨ ਮੁਹੰਮਦ ਜਮਸ਼ੇਦ (ਕਤਰ)

ਤਹਸੀਨ ਦਾ ਜਨਮ ਦੋਹਾ 'ਚ ਮਲਿਆਲੀ ਮਾਤਾ-ਪਿਤਾ ਦੇ ਘਰ ਹੋਇਆ ਸੀ, ਜਿਹੜੇ 2006 'ਚ ਕੰਨੂਰ ਤੋਂ ਕਤਰ ਚਲੇ ਗਏ ਸਨ। ਉਹ 16 ਜੂਨ ਨੂੰ 20 ਸਾਲ ਦਾ ਹੋ ਜਾਵੇਗਾ। ਤਹਸੀਨ ਦੇ ਪਿਤਾ ਜਮਸ਼ੇਦ ਕਾਲੀਕਟ ਯੂਨੀਵਰਸਿਟੀ ਦੇ ਸਾਬਕਾ ਖਿਡਾਰੀ ਸਨ। ਕਤਰ 'ਚ ਅਕਾਊਂਟੈਂਟ ਜਮਸ਼ੇਦ ਥਲਾਸੇਰੀ ਦਾ ਰਹਿਣ ਵਾਲਾ ਹੈ ਤੇ ਉਸ ਦੀ ਮਾਂ ਸ਼ਿਆਮਾ ਕੰਨੂਰ ਦੇ ਨੇੜੇ ਵਾਲਾਪੱਟਨਮ ਦੀ ਰਹਿਣ ਵਾਲੀ ਹੈ। ਤਹਸੀਨ ਨੇ ਦੋਹਾ ਸਥਿਤ ਐਸਪਾਇਰ ਅਕੈਡਮੀ 'ਚ ਆਪਣੇ ਫੁੱਟਬਾਲ ਹੁਨਰ ਨੂੰ ਨਿਖਾਰਿਆ ਤੇ ਕਤਰ ਸਟਾਰਸ ਲੀਗ 'ਚ ਖੇਡਣ ਵਾਲਾ ਭਾਰਤੀ ਮੂਲ ਦਾ ਪਹਿਲਾ ਖਿਡਾਰੀ ਬਣਿਆ। ਅਜੇ ਉਹ ਅਲ ਦੁਹੈਲ ਐੱਸ. ਸੀ. ਲਈ ਖੇਡਦਾ ਹੈ। ਵਿੰਗਰ ਤਹਸੀਨ ਨੇ ਫੀਫਾ ਵਿਸ਼ਵ ਕੱਪ ਦੇ ਏਸ਼ੀਆਈ ਕੁਆਲੀਫਾਇਰ ਗਰੁੱਪ ਮੈਚ ਦੌਰਾਨ 2024 'ਚ ਅਫਗਾਨਿਸਤਾਨ ਵਿਰੁੱਧ ਕੌਮਾਂਤਰੀ ਫੁੱਟਬਾਲ 'ਚ ਡੈਬਿਊ ਕੀਤਾ। ਉਸ ਨੇ ਜ਼ਿੰਬਾਬਵੇ (2025) ਤੇ ਆਇਰਲੈਂਡ (2026) ਵਿਰੁੱਧ ਦੋ ਕੌਮਾਂਤਰੀ ਦੋਸਤਾਨਾ ਮੈਚਾਂ 'ਚ ਵੀ ਹਿੱਸਾ ਲਿਆ ਹੈ। ਉਸ ਨੇ ਅਜੇ ਤੱਕ ਕੋਈ ਗੋਲ ਨਹੀਂ ਕੀਤਾ ਹੈ।

ਕਲਾਸੀਫਾਈਡ CLASSIFIED ADS

ਪੰਜਾਬ ਕੇਸਰੀ, ਜਗ ਬਾਣੀ ਅਤੇ ਹਿੰਦ ਸਮਾਚਾਰ (ਜਲੰਧਰ), ਨਵੋਦਿਆ ਟਾਈਮਸ (ਦਿੱਲੀ) 'ਚ ਪ੍ਰਕਾਸ਼ਨ ਲਈ ਆਪਣੇ ਕਲਾਸੀਫਾਈਡ ਵਿਗਿਆਪਨ
ro@thepunjabkesari.com ਭੇਜੋ।
ਤੁਸੀਂ ਆਪਣੇ ਇਸ਼ਤਿਹਾਰ ਰਾਤ 8 ਵਜੇ ਤੱਕ ਸਾਡੇ ਦਫਤਰ ਵਿਚ ਬੁੱਕ ਕਰਵਾ ਸਕਦੇ ਹੋ।
ਵਿਗਿਆਪਨ ਦੀ ਰਕਮ ਤੁਸੀਂ ਹੇਠ ਲਿਖੇ ਖਾਤੇ 'ਚ ਜਮ੍ਹਾ ਕਰਵਾਓ :
THE HIND SAMACHAR LTD.
HDFC Account No.: 00468730000145
IFSC Code: HDFC 0000046
ਸੰਪਰਕ ਹੈੱਡ ਆਫਿਸ ਜਲੰਧਰ :
0181-5067240, 5067245
Whatsapp No.
91155-00949

ਲੋੜ ਹੈ

ਅੰਮ੍ਰਿਤਸਰ ਵਿਚ ਸਕੂਲ ਬੱਸ ਡਰਾਈਵਰ ਦੀ ਲੋੜ, ਤਨਖਾਹ 15000 ਰੁਪਏ/ਮਹੀਨਾ ਅਤੇ ਲੇਡੀ ਅਟੈਂਡੈਂਟ, +2 ਕੁਆਲੀਫਿਕੇਸ਼ਨ, ਤਨਖਾਹ 9500 ਰੁਪਏ/ ਮਹੀਨਾ, ਸੰਪਰਕ - 62808-29637.

ਵੈਬਰੋ ਇੰਡੀਆ ਮੈਨੂਫੈਕਚਰਿੰਗ ਕੰਪਨੀ ਕਪੂਰਥਲਾ ਸਥਿਤ ਫੈਕਟਰੀ 'ਚ ਕੰਮ ਕਰਨ ਲਈ ਇਲੈਕਟ੍ਰੀਕਲ ਪੈਨਲ ਫੈਬਰੀਕੇਸ਼ਨ ਕਾਰੀਗਰ, ਵੈਲਡਰ ਅਤੇ ਹੈਲਪਰ ਦੀ ਲੋੜ ਰਹਿਣ ਦੇ ਲਈ ਫ੍ਰੀ ਰੂਮ ਤਨਖਾਹ ਯੋਗਤਾ ਅਨੁਸਾਰ - 98558-33125.

Swami Premanand Mahavidyalaya, Mukerian, invites applications for the post of Asstt. Professors in Hindi-01 on three years' contractual basis may further extendable subject to performance, negotiable salary. Qualification as per UGC/ DHE (Pb) PU Chd. norms. Apply within 10 days on the proforma available from College/ Website by paying Rs. 300/- cash or draft along with testimonials. The appointment can be terminated at any time without assigning any reason to the satisfaction of the competent authority. Principal: 01883-244070.

ਵਿਕਾਊ

TATA INTRA V30, Diesal Model-2022, PB-05-AQ-3279 ਵਿਕਾਊ : ਸੰਪਰਕ ਸੁੰਦਰਮ ਫਾਇਨਾਂਸ ਲਿਮ. ਮੋਗਾ - 82880-40260.

ਜੋਤਿਸ਼

ਸਪੈਸ਼ਲਿਸਟ ਮਨਚਾਹਿਆ ਪਿਆਰ ਕਰਨਾ ਤੁੜਵਾਉਣਾ, ਵਸ਼ੀਕਰਨ, ਲਵਮੈਰਿਜ Lover ਮਨਾਉਣਾ, ਘਰ ਵਾਲੇ ਮਨਾਉਣਾ, ਜੋਕਣ-ਛੁਟਕਾਰਾ, ਪਤੀ-ਪਤਨੀ, ਪ੍ਰੇਮੀ-ਪ੍ਰੇਮਿਕਾ ਆਪਸੀ ਅਣਬਣ ਘਰ ਬੈਠੇ ਤੁਰੰਤ ਗਾਰੰਟਿਡ ਹੱਲ ਬਾਬਾ ਹਰਦੀਪ ਜੀ - 09501284753.

ਫ੍ਰੀ ਸਲਾਹ

(ਬਿਲਕੁਲ ਗੁਪਤ)। ਪ੍ਰੇਮੀ-ਪ੍ਰੇਮਿਕਾ, ਪਤੀ-ਪਤਨੀ ਮਨਚਾਹਿਆ ਪਿਆਰ ਮਨਚਾਹਿਆ ਵਸ਼ੀਕਰਨ, ਮਨਚਾਹੀ ਔਰਤ ਕਰ ਲਓ ਮੁੱਠੀ 'ਚ 70872-28030.

ਫੀਸ ਕੰਮ ਤੋਂ ਬਾਅਦ

ਕਾਲੇ ਇਲਮ ਰਾਹੀਂ ਚਮਤਕਾਰ ਦੇਖੋ ਪ੍ਰੇਮੀ-ਪ੍ਰੇਮਿਕਾ ਨੂੰ ਆਪਣੇ ਅੱਗੇ ਝੁਕਾਓ, ਆਪਣਾ ਪਿਆਰ ਪਾਓ - 98767-18714.

ਨਾਂ ਦੀ ਤਬਦੀਲੀ

I Raj Rani W/o Raj Kumar, R/o H.No. B-1/30, Gurbachan Nagar, Jalandhar - 144008 (Punjab) have changed my name from Raj Rani to Raj Rani Kaushlya. All concerned please Note.

ਵਰ ਦੀ ਲੋੜ

ਜੱਟ ਲੜਕੀ ਕੈਨੇਡਾ ਪੱਕੀ 27/5'-5", ਲਈ ਵਰ ਦੀ ਲੋੜ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ - 84379-02284.

ਜ਼ਰੂਰੀ ਸੂਚਨਾ [illegible]

ਪੰਜਾਬ ਨੈਸ਼ਨਲ ਬੈਂਕ pnb ...ਬਿਹਤਰੀ ਲਈ ਇਕਜੁੱਟ

ਐਸੇਟਸ ਰਿਕਵਰੀ ਮੈਨੇਜਮੈਂਟ ਬ੍ਰਾਂਚ, ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in ਫੋਨ. : 0161-2888181,2888182

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ

ਸਰਫੇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ-6 ਤੇ 9 ਨਾਲ ਪੜ੍ਹੇ ਜਾਂਦੇ ਰੂਲ-9(1) ਤੇ 8(6) ਤਹਿਤ ਆਮ ਜਨਤਾ ਨੂੰ 15/30 ਦਿਨਾ ਕਾਨੂੰਨੀ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜ਼/ਚਾਰਜ ਹੋਣ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਵਾਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਧਿਕਾਰੀ/ਸਕਿਓਰਡ ਕ੍ਰੈਡਿਟਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸੰਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸੰਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ https://BAANKNET.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 23.06.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 05.06.2026 ਤੋਂ 22.06.2026 ਸਵੇਰੇ 10.00 ਤੋਂ ਸ਼ਾਮ 5.00 ਵਜੇ ਤਕ

ਪੋਰਟਲ https://BAANKNET.com 'ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਐੱਮ/ਐੱਸ ਪੀ. ਐੱਸ.ਬੀ ਅਲਾਇੰਸ ਪ੍ਰਾ. ਲਿਮ, ਮੁੰਬਈ, ਹੈਲਪ ਡੈਸਕ ਨੰ. +91 8291220220 ਈ-ਮੇਲ ਆਈ. ਡੀ. : support.BAANKNET@psballiance.com, ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਹੱਇਤਾ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਮੀਆਂ ਦਾ ਸ਼ਡਿਊਲ

ਲੜੀ ਨੰ.	ਜਾਇਦਾਦ (ਾਂ) ਦੀ ਆਈ. ਡੀ. / ਸ਼ਾਖਾ ਅਧਿਕਾਰੀ ਦਾ ਨਾਂ, ਸੰਪਰਕ ਨੰ. / ਅਕਾਊਂਟ ਦਾ ਨਾਂ ਅਤੇ ਪਤਾ	ਮਾਰਟਗੇਜ਼ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜ਼ਰ)	ਸਰਫੇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ ਰਕਮ ਜਿਵੇਂ ਹੈ	ਸਰਫੇਸੀ ਐਕਟ 2002 ਦੇ ਅੰਡਰ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ / ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਈ.ਐੱਮ.ਡੀ. / ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	ਜਾਇਦਾਦ - 1: PUNB835212033; ਜਾਇਦਾਦ - 2: PUNB835212036; [illegible] 90005 - 30309; ਮੈਸਰਜ਼ ਸ਼ਿਵਾ ਕੰਸਟ੍ਰਕਸ਼ਨਜ਼ [illegible]	ਪ੍ਰਾਪਰਟੀ ਨੰ. 1 : [illegible] 60,07,056 ਮਿਤੀ 31.01.2023 [illegible]. ਪ੍ਰਾਪਰਟੀ ਨੰ. 2 : 158-1/3 ਵਰਗ ਗਜ਼ [illegible]	27.02.2023; ਰੁਪਏ 16,31,38,681.00 ਮਿਤੀ 31.01.2023 [illegible]	05.05.2023 ਸੰਕੇਤਕ ਕਬਜ਼ਾ; 05.05.2023 ਸੰਕੇਤਕ ਕਬਜ਼ਾ	ਰੁ. 70,30,000/-; ਰੁ. 7,03,000/-; ਰੁ. 1,00,000/-; ਰੁ. 2,35,60,000/-; ਰੁ. 23,56,000/-; ਰੁ. 2,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
2.	ਜਾਇਦਾਦ - 1: PUNB45400010220; ਜਾਇਦਾਦ - 2: PUNB45400010221; ਸੁਖਜੀਤ ਸਿੰਘ 84279 - 79800; [illegible]	ਪ੍ਰਾਪਰਟੀ 1 : [illegible]. ਪ੍ਰਾਪਰਟੀ 2 : [illegible]	07.07.2021; ਰੁਪਏ 2,35,03,240.89 ਮਿਤੀ 01.07.2021 [illegible]	20.06.2023 ਦਸਤੀ ਕਬਜ਼ਾ; 21.11.2021 ਸੰਕੇਤਕ ਕਬਜ਼ਾ	ਰੁ. 1,25,00,000/-; ਰੁ. 12,50,000/-; ਰੁ. 2,00,000/-; ਰੁ. 37,00,000/-; ਰੁ. 3,70,000/-; ਰੁ. 1,00,000/-	[illegible]
3.	ਜਾਇਦਾਦ - 1 : PUNB45400010537; ਜਾਇਦਾਦ - 2 : PUNB45400010538; ਜਾਇਦਾਦ - 3 : PUNBRAJSTEEL2; ਜਾਇਦਾਦ - 4 : PUNBRAJSTEEL; ਸੁਖਜੀਤ ਸਿੰਘ 84279-79800; [illegible]	ਪ੍ਰਾਪਰਟੀ : 1. [illegible]. ਪ੍ਰਾਪਰਟੀ : 2. [illegible]. ਪ੍ਰਾਪਰਟੀ : 3. [illegible]. ਪ੍ਰਾਪਰਟੀ ਨੰ. 4 : [illegible]	03.02.2019; 10,67,55,478.72 ਰੁਪਏ 15.09.2022 [illegible]	31.01.2023 ਸੰਕੇਤਕ ਕਬਜ਼ਾ; 31.01.2023; 31.01.2023; 31.01.2023	ਰੁ. 34,60,000/-; ਰੁ. 3,46,000/-; ਰੁ. 20,000/-; ਰੁ. 2,70,00,000/-; ਰੁ. 27,00,000/-; ਰੁ. 1,00,000/-; ਰੁ. 2,61,00,000/-; ਰੁ. 26,10,000/-; ਰੁ. 1,00,000/-; ਰੁ. 53,50,000/-; ਰੁ. 5,35,000/-; ਰੁ. 1,00,000/-	[illegible]

ਨੋਟ: ਸਾਰੀਆਂ ਜਾਇਦਾਦਾਂ [illegible] ਬਕਾਇਆ ਰਕਮ 8,45,10,277.88/-ਰੁਪਏ ਹੈ, ਮਿਤੀ 01/06/2019 ਦੇ ਡਿਮਾਂਡ ਨੋਟਿਸ ਅਨੁਸਾਰ।

ਨਿਯਮ ਅਤੇ ਸ਼ਰਤਾਂ : [illegible] https://BAANKNET.com [illegible]

ਸਰਫੇਸੀ ਐਕਟ, 2002 ਦੇ ਰੂਲ 9 (1) ਤਹਿਤ ਵਿਧਾਨਿਕ ਵਿਕਰੀ ਨੋਟਿਸ

ਮਿਤੀ : 04.06.2026 ਥਾਂ : ਲੁਧਿਆਣਾ ਅਧਿਕਾਰਤ ਅਫਸਰ-ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡਿਟਰ)